**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20**

**ਮਿਤੀ :07-06-2026**

- ਸਰਕਾਰ ਦਾ ਕਹਿਣਾ ਏ ਕਿ ਭਾਰਤ ਵਿਚ ਘਰੇਲੂ ਰਸੋਈ ਗੈਸ LPG ਵਿਸ਼ਵ ਪੱਧਰ 'ਤੇ ਸਭ ਤੋਂ ਘੱਟ ਕੀਮਤਾਂ 'ਤੇ ਮਿਲ ਰਹੀ ਏ।
- CBI ਵਲੋਂ ਆਈ.ਡੀ.ਐੱਫ.ਸੀ. ਫਰਸਟ ਬੈਂਕ ਅਤੇ ਏ.ਯੂ. ਫਾਇਨਾਂਸ ਧੋਖਾਧੜੀ ਮਾਮਲੇ ਦੇ ਸੰਬੰਧ ਵਿੱਚ ਚੰਡੀਗੜ੍ਹ, ਪੰਚਕੂਲਾ ਅਤੇ ਦਿੱਲੀ-ਐੱਨਸੀਆਰ ਖੇਤਰ ਵਿੱਚ 6 ਟਿਕਾਣਿਆਂ 'ਤੇ ਛਾਪੇਮਾਰੀ.
- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਦੋ ਦਲਿਤ ਨੌਜਵਾਨਾਂ ਨਾਲ ਹੋਏ ਤਸ਼ੱਦਤ ਦੇ ਮਾਮਲੇ ‘ਚ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਤੋਂ 9 ਜੂਨ 2026 ਤਕ ਰਿਪੋਰਟ ਤਲਬ।
- ਅੱਜ ਵਿਸ਼ਵ ਖੁਰਾਕ ਸੁਰੱਖਿਆ ਦਿਵਸ ਮਨਾਇਆ ਜਾ ਰਿਹਾ ਏ। ਸਿਹਤ ਮੰਤਰੀ, ਜਗਤ ਪ੍ਰਕਾਸ਼ ਨੱਡਾ ਨੇ ਸਿਹਤਮੰਦ ਭਵਿੱਖ ਲਈ ਸੁਰੱਖਿਅਤ ਭੋਜਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ.

- ‘ਫਿੱਟ ਇੰਡੀਆ ਸੰਡੇਜ਼ ਆਨ ਸਾਈਕਲ’ ਪਹਿਲ ਤਹਿਤ ਪੰਜਾਬ ‘ਚ ਵਖ – ਵਖ ਥਾਵਾਂ ‘ਤੇ ਸਾਈਕਲ ਰੈਲੀਆਂ ਕਰਾਈਆਂ ਗਈਆਂ. ਲੋਕਾਂ ਨੇ ਵਧ – ਚੜ੍ਹ ਕੇ ਹਿੱਸਾ ਲਿਆ .

---------------------------------------------------------------------------

ਸਰਕਾਰ ਨੇ ਅੱਜ ਕਿਹਾ ਏ ਕਿ ਅੰਤਰਰਾਸ਼ਟਰੀ ਪੱਧਰ 'ਤੇ ਐਲ ਪੀ ਜੀ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧੇ ਦੇ ਬਾਵਜੂਦ ਭਾਰਤ ਵਿਚ ਘਰੇਲੂ ਗੈਸ (LPG) ਵਿਸ਼ਵ ਪੱਧਰ 'ਤੇ ਸਭ ਤੋਂ ਘੱਟ ਕੀਮਤਾਂ 'ਤੇ ਰਸੋਈ ਗੈਸ ਮਿਲ ਰਹੀ ਏ। ਇੱਕ ਬਿਆਨ ਵਿੱਚ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਕਿਹਾ ਏ ਕਿ ਭਾਰਤੀ ਸਿਲੰਡਰ ਕਿਸੇ ਵੀ ਗੁਆਂਢੀ ਦੇਸ਼ ਨਾਲੋਂ ਸਸਤਾ ਏ ਅਤੇ ਅਮਰੀਕਾ, ਆਸਟ੍ਰੇਲੀਆ ਤੇ ਕੈਨੇਡਾ ਵਰਗੀਆਂ ਵਿਕਸਿਤ ਆਰਥਿਕਤਾਵਾਂ ਵਿੱਚ ਕੀਮਤ ਤੋਂ ਬਹੁਤ ਘੱਟ ਏ। ਇਸ ਵਿੱਚ ਕਿਹਾ ਗਿਆ ਏ ਕਿ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ (ਪੀ ਐਮ ਯੂ ਵਾਈ) ਦਾ ਇੱਕ ਲਾਭਪਾਤਰੀ ਸਾਲਾਨਾ ਪਹਿਲੇ ਚਾਰ ਰੀਫਿਲ 'ਤੇ 300 ਰੁਪਏ ਦਾ ਸਿੱਧਾ ਲਾਭ ਤਬਾਦਲਾ ਪ੍ਰਾਪਤ ਕਰਨ ਤੋਂ ਬਾਅਦ 14.2 ਕਿਲੋਗ੍ਰਾਮ ਐਲਪੀਜੀ ਸਿਲੰਡਰ ਲਈ 642 ਰੁਪਏ ਅਦਾ ਕਰਦਾ ਏ, ਜਦੋਂ ਕਿ ਦਿੱਲੀ ਵਿੱਚ ਇੱਕ ਆਮ ਖਪਤਕਾਰ ਲਈ ਪ੍ਰਚੂਨ ਕੀਮਤ 942 ਰੁਪਏ ਏ।

---------------------------------------------------------------------------

ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਕੱਲ੍ਹ ਆਈ.ਡੀ.ਐੱਫ.ਸੀ. ਫਰਸਟ ਬੈਂਕ ਅਤੇ ਏ.ਯੂ. ਫਾਇਨਾਂਸ ਧੋਖਾਧੜੀ ਮਾਮਲੇ ਦੀ ਜਾਂਚ ਦੇ ਸਿਲਸਿਲੇ ਵਿੱਚ ਚੰਡੀਗੜ੍ਹ, ਪੰਚਕੂਲਾ ਅਤੇ ਦਿੱਲੀ-ਐੱਨਸੀਆਰ ਖੇਤਰ ਵਿੱਚ 6 ਟਿਕਾਣਿਆਂ 'ਤੇ ਛਾਪੇ ਮਾਰੇ। ਇਹ ਮਾਮਲਾ ਹਰਿਆਣਾ ਸਰਕਾਰ ਦੇ ਅੱਠ ਵਿਭਾਗਾਂ ਅਤੇ ਚੰਡੀਗੜ੍ਹ ਨਗਰ ਨਿਗਮ ਤੇ ਚੰਡੀਗੜ੍ਹ ਰੀਨਿਊਏਬਲ ਐਨਰਜੀ, ਸਾਇੰਸ ਐਂਡ ਟੈਕਨੋਲੋਜੀ ਪ੍ਰਮੋਸ਼ਨ ਸੋਸਾਇਟੀ-ਕ੍ਰੈਸਟ ਦੇ ਦੋ ਵਿਭਾਗਾਂ ਵਿੱਚ 661 ਕਰੋੜ ਰੁਪਏ ਦੇ ਗਬਨ ਅਤੇ ਸਰਕਾਰੀ ਧਨ ਦੀ ਹੇਰਾਫੇਰੀ ਨਾਲ ਸਬੰਧਤ ਏ। ਸੀਬੀਆਈ ਨੇ ਇੱਕ ਬਿਆਨ ਵਿੱਚ ਕਿਹਾ ਕਿ ਬੇਨਿਯਮੀਆਂ ਅਤੇ ਅਪਰਾਧ ਤੋਂ ਪ੍ਰਾਪਤ ਰਕਮਾਂ  ਹਾਸਿਲ ਕਰਨ ਦੇ ਮਾਮਲੇ ਵਿੱਚ ਹਰਿਆਣਾ ਕਾਡਰ ਦੇ ਸੀਨੀਅਰ ਲੋਕ ਸੇਵਕਾਂ ਅਤੇ ਇੱਕ ਨਿੱਜੀ ਸਲਾਹਕਾਰ ਫਰਮ ਦੇ ਡਾਇਰੈਕਟਰ ਦੇ ਰਿਹਾਇਸ਼ੀ ਟਿਕਾਣਿਆਂ 'ਤੇ ਛਾਪੇ ਮਾਰੇ ਨੇ। ਜਾਂਚ ਦੌਰਾਨ ਪਤਾ ਲੱਗਾ ਏ ਕਿ ਲੋਕ ਸੇਵਕਾਂ ਨੇ ਬੈਂਕ ਅਧਿਕਾਰੀਆਂ ਨਾਲ ਮਿਲੀਭੁਗਤ ਕੀਤੀ ਸੀ ਅਤੇ ਖਾਤੇ ਖੋਲ੍ਹਣ, ਧਨ ਦੇ ਤਬਾਦਲੇ ਅਤੇ ਗਬਨ ਵਿੱਚ ਮਦਦ ਕੀਤੀ ਸੀ। ਸੀ.ਬੀ.ਆਈ. ਇਸ ਮਾਮਲੇ ਵਿੱਚ ਪਹਿਲਾਂ ਹੀ 2 ਵਿਭਾਗਾਂ ਦੇ ਲੋਕ ਸੇਵਕਾਂ ਦੀ ਭੂਮਿਕਾ ਦਾ ਵੇਰਵਾ ਦਿੰਦਿਆਂ ਪਹਿਲੀ ਚਾਰਜਸ਼ੀਟ ਦਾਖ਼ਲ ਕਰ ਚੁੱਕੀ ਏ।

--------------------------------------------------------------------------------

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਝੋਰੜ ਵਿਚ ਦੋ ਦਲਿਤ ਨੌਜਵਾਨਾਂ ਨਾਲ ਹੋਏ ਤਸ਼ੱਦਤ ਦੇ ਮਾਮਲੇ ਨੂੰ ਆਪਣੇ ਤੌਰ ‘ਤੇ ਧਿਆਨ ‘ਚ ਲਿਆ ਗਿਆ ਏ.ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਮਾਮ ਲਾ ਅਖ਼ਬਾਰ ਵਿਚ ਛਪੀ ਖ਼ਬਰ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਏ ਜਿਸ ਨੂੰ ਕਮਿਸ਼ਨ ਵਲੋਂ ਆਪਣੇ ਤੌਰ ‘ਤੇ ਧਿਆਨ ‘ਚ ਲੈਂਦਿਆਂ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਤੋਂ 9 ਜੂਨ 2026 ਤਕ ਰਿ ਪੋਰਟ ਤਲਬ ਕੀਤੀ ਗਈ ਏ।

--------------------------------------------------------------------------------

ਵਿਸ਼ਵ ਖੁਰਾਕ ਸੁਰੱਖਿਆ ਦਿਵਸ ਅੱਜ ਵਿਸ਼ਵ ਪਧਰ ਤੇ ਮਨਾਇਆ ਜਾ ਰਿਹਾ ਏ। ਇਹ ਦਿਨ ਭੋਜਨ ਸੁਰੱਖਿਆ ਨੂੰ ਇਕ ਸਾਂਝੇ ਅਧਿਕਾਰ ਅਤੇ ਜਿੱਮੇਵਾਰੀ ਵਜੋਂ ਉਜਾਗਰ ਕਰਦਾ ਏ ਅਤੇ ਸਮੂਹਿਕ ਕਰਵਾਈ ਲਈ ਇਕਕ ਸ਼ਕਤੀਸ਼ਾਲੀ ਮੌਕੇ ਵਜੋਂ ਕੰਮ ਕਰਦਾ ਏ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਜਗਤ ਪ੍ਰਕਾਸ਼ ਨੱਡਾ ਨੇ ਸਿਹਤਮੰਦ ਭਵਿੱਖ ਲਈ ਸੁਰੱਖਿਅਤ ਅਤੇ ਸਾਫ਼-ਸੁਥਰੇ ਭੋਜਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਏ।

ਪੇਸ਼ ਏ ਇਕ ਰਿਪੋਰਟ ................ 1 min

-----------------------------------------------------------------------------

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਏ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਾਲ ਨਸ਼ਿਆਂ ਵਿਰੁੱਧ ਲੜਾਈ ਫ਼ੈਸਲਾਕੁੰਨ ਦੌਰ 'ਚ ਪੁੱਜ ਗਈ ਏ। ਅੱਜ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਪਿੰਡ ਬਾਦਲ ਦੇ ਰੈਸਟ ਹਾਊਸ ਵਿਖੇ ਪੇਂਡੂ ਰੱਖਿਆ ਕਮੇਟੀਆਂ ਦੇ ਮੈਂਬਰਾਂ ਨਾਲ ਇੱਕ ਅਹਿਮ ਬੈਠਕ ਕਰਦਿਆਂ ਮੰਤਰੀ ਖੁੱਡੀਆਂ ਨੇ ਕਿਹਾ ਕਿ ਅੱਜ ਨਸ਼ਿਆਂ ਵਿਰੁੱਧ ਸਾਰਾ ਪੰਜਾਬ ਇੱਕਜੁਟ ਹੋ ਗਿਆ ਏ। ਸ੍ਰੀ ਖੁੱਡੀਆਂ ਨੇ ਕਿਹਾ 'ਯੁੱਧ ਨਸ਼ਿਆਂ ਵਿਰੁੱਧ' ਬਣੀ ਲੋਕ ਲਹਿਰ ਨੂੰ ਕਾਮਯਾਬ ਕਰਕੇ ਦੇਸ਼ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਾਇਆ ਜਾਵੇਗਾ।        DPRO MKS

-----------------------------------------------------------------------------

ਆਕਾਸ਼ਵਾਣੀ ਜਲੰਧਰ ਵੱਲੋਂ ਭਲਕੇ 8 ਜੂਨ ਨੂੰ ਕੇ.ਐਲ. ਸਹਿਗਲ ਆਡੀਟੋਰੀਅਮ ਵਿਖੇ, ਇੱਕ ਸ਼ਾਸਤਰੀ ਸੰਗੀਤ ਸਮਾਰੋਹ - 'ਇੱਕ ਸ਼ਾਮ - ਸ਼ਾਸਤਰੀ ਸੰਗੀਤ ਦੇ ਨਾਮ' ਕਰਾਇਆ ਜਾ ਰਿਹਾ ਏ। ਭਾਰਤ ਵਿੱਚ

ਆਕਾਸ਼ਵਾਣੀ ਦੇ ਪ੍ਰਸਾਰਣ ਦੇ 90 ਸਾਲ ਪੂਰੇ ਹੋਣ ਨੂੰ ਸਮਰਪਿਤ ਇਹ ਸੰਗੀਤ ਸਮਾਰੋਹ ਸ਼ਾਮ 6.30 ਵਜੇ ਸ਼ੁਰੂ ਹੋਵੇਗਾ। ਆਕਾਸ਼ਵਾਣੀ ਦੇ ਪ੍ਰੋਗਰਾਮ ਮੁਖੀ, ਪਰਮਜੀਤ ਸਿੰਘ ਨੇ ਦੱਸਿਆ ਕਿ ਸ਼ਾਸਤਰੀ ਸੰਗੀਤ ਦੇ ਵੱਖ-ਵੱਖ ਰੂਪਾਂ ਵਿੱਚ ਗਾਇਨ ਦੇ ਨਾਲ-ਨਾਲ ਸਾਜ਼ਾਂ ਦੀ ਜੁਗਲਬੰਦੀ ਵੀ ਪੇਸ਼ ਕੀਤੀ ਜਾਵੇਗੀ। ਪਿਉ-ਧੀ ਦੀ ਜੋੜੀ, ਪੰਡਿਤ ਮਨੂੰ ਕੁਮਾਰ ਸੀਨ ਅਤੇ ਸੁਰਪ੍ਰਿਆ ਸੀਨ ਸ਼ਾਸਤਰੀ ਸਿਤਾਰ-ਸੰਤੂਰ ਜੁਗਲਬੰਦੀ ਪੇਸ਼ ਕਰਨਗੇ। ਪੰਡਿਤ ਸੀਨ ਆਕਾਸ਼ਵਾਣੀ ਦੇ ਜਾਣੇ-ਪਛਾਣੇ ਕਲਾਕਾਰ ਹਨ। ਤਬਲੇ 'ਤੇ ਮਧੁਰੇਸ਼ ਭੱਟ ਅਤੇ ਸਿਧਾਰਥ ਚੈਟਰਜੀ ਉਨ੍ਹਾਂ ਦਾ ਸਾਥ ਦੇਣਗੇ। ਦਿਪਿਨ ਕੁਮਾਰ ਅਤੇ ਸਤਨਿੰਦਰ ਸਿੰਘ ਵੱਲੋਂ ਖਿਆਲ ਜੁਗਲਬੰਦੀ ਪੇਸ਼ ਕੀਤੀ ਜਾਵੇਗੀ। ਤਬਲੇ 'ਤੇ ਪੰਡਿਤ ਕਾਲੇ ਰਾਮ ਅਤੇ ਪੰਡਿਤ ਜੈ ਦੇਵ ਉਨ੍ਹਾਂ ਦਾ ਸਾਥ ਦੇਣਗੇ।

---------------------------------------------------------------------------

ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਆਉਂਦੇ ਦਿਨਾਂ 'ਚ ਲੂ ਚੱਲਣ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਏ. ਮੌਸਮ ਵਿਭਾਗ ਮੁਤਾਬਕ 10 ਜੂਨ ਤੱਕ ਚੰਡੀਗੜ੍ਹ ਸਮੇਤ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਲੂ ਚਲਣ ਦੀ ਪੇਸ਼ੀਨਗੋਈ ਕੀਤੀ ਗਈ ਏ. 11 ਜੂਨ ਨੂੰ

ਪੱਛਮੀ ਗੜਬੜੀ ਕਰਕੇ, ਲੂ ਦੇ ਨਾਲ-ਨਾਲ ਤੇਜ਼ ਹਵਾਵਾਂ ਅਤੇ ਗਰਜ-ਚਮਕ ਦੀ ਸੰਭਾਵਨਾ ਏ. 12 ਜੂਨ ਨੂੰ ਗਰਮੀ ਤੋਂ ਕੁੱਝ ਰਾਹਤ ਮਿਲਣ ਦੀ ਉਮੀਦ ਏ. ਇਸ ਦੌਰਾਨ, ਅੱਜ ਦਰਜ ਕੀਤੇ ਗਏ ਵੱਧ ਤੋਂ ਵੱਧ ਤਾਪਮਾਨ ਨਾਲ ਪੰਜਾਬ ਵਿੱਚ ਬਠਿੰਡਾ 44.8 ਡਿਗਰੀ ਸੈਲਸੀਅਸ ਤਾਪਮਾਨ ਨਾਲ ਅਤੇ ਹਰਿਆਣਾ ਵਿੱਚ ਹਿਸਾਰ 42.4 ਡਿਗਰੀ ਸੈਲਸੀਅਸ ਤਾਪਮਾਨ ਨਾਲ ਸਭ ਤੋਂ ਗਰਮ ਸ਼ਹਿਰ ਰਹੇ.

---------------------------------------------------------------------------------

ਚੰਡੀਗੜ੍ਹ 'ਚ ਖੇਡ ਵਿਭਾਗ ਨੇ ਵੀ "ਫਿਟ ਇੰਡੀਆ ਸੰਡੇਜ਼ ਔਨ ਸਾਇਕਲ" ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਕਰੀਬ 700 ਵਿਦਿਆਰਥੀਆਂ ਅਤੇ ਖਿਡਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰੋਗਰਾਮ ਨੇ ਫਿਟਨੈੱਸ, ਤੰਦਰੁਸਤ ਜੀਵਨ ਸ਼ੈਲੀ ਅਤੇ ਚੁਗਿਰਦਾ ਸਥਿਰਤਾ ਪ੍ਰਤੀ ਚੰਡੀਗੜ੍ਹ ਦੀ ਵਧਦੀ ਵਚਨਵੱਧਤਾ ਨੂੰ ਦਰਸਾਇਆ। ਇਸ ਦੌਰਾਨ ਪਟਿਆਲਾ ਦੇ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (NS NIS) ਨੇ ਵੀ 7 ਕਿਲੋਮੀਟਰ ਦੀ cycle ਰੈਲੀ ਦਾ ਆਯੋਜਨ ਕੀਤਾ। ਇਸ ਸਾਇਕਲ ਰੈਲੀ ਵਿੱਚ, 300 800 ਤੋਂ ਵੱਧ ਸਾਈਕਲ ਸਵਾਰਾਂ ਨੇ ਹਿੱਸਾ ਲਿਆ। ਓਧਰ ਡੈਕਾਥਲੋਨ ਜਲੰਧਰ ਵੱਲੋਂ ਵੀ ਫਿੱਟ ਇੰਡੀਆ, ਸਪੋਰਟਸ ਅਥਾਰਟੀ ਆਫ਼ ਇੰਡੀਆ, ਖੇਡ ਭਾਰਤੀ ਪੰਜਾਬ, ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ ਜਲੰਧਰ ਅਤੇ ਸਾਈਕਲਿੰਗ

ਐਸੋਸੀਏਸ਼ਨ ਆਫ਼ ਪੰਜਾਬ ਦੇ ਸਹਿਯੋਗ ਨਾਲ, ਇੱਕ ਵਿਸ਼ਾਲ ਸਾਈਕਲੋਥੋਨ ਦਾ ਆਯੋਜਨ ਕੀਤਾ ਗਿਆ। ਲਗਭਗ 5 ਕਿਲੋਮੀਟਰ ਦੇ ਸਾਈਕਲੋਥੋਨ ਵਿੱਚ ਜਲੰਧਰ ਸਮੇਤ ਗਿਆ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਾਈਕਲਿਸਟਾਂ ਅਤੇ ਸਕਾਈ ਰਾਈਡਰਜ਼ ਅਤੇ ਕਈ ਹੋਰ ਕਲੱਬਾਂ ਸਮੇਤ ਕਈ ਸਾਈਕਲਿੰਗ ਸਮੂਹਾਂ ਨੇ ਵੀ ਹਿੱਸਾ ਲਿਆ। ਪੰਜਾਬ ਦੇ ਹੋਰਨਾਂ ਜ਼ਿਲਿਆਂ 'ਚ ਵੀ ਵਖ-ਵਖ ਪ੍ਰੋਗਰਾਮ ਕੀਤੇ ਗਏ।

-----------------------------------------------------------------------

- ਸਰਕਾਰ ਦਾ ਕਹਿਣਾ ਏ ਕਿ ਭਾਰਤ ਵਿਚ ਘਰੇਲੂ ਰਸੋਈ ਗੈਸ LPG ਵਿਸ਼ਵ ਪੱਧਰ 'ਤੇ ਸਭ ਤੋਂ ਘੱਟ ਕੀਮਤਾਂ 'ਤੇ ਮਿਲ ਰਹੀ ਏ ।
- CBI ਵਲੋਂ ਆਈ.ਡੀ.ਐੱਫ.ਸੀ. ਫਰਸਟ ਬੈਂਕ ਅਤੇ ਏ.ਯੂ. ਫਾਇਨਾਂਸ ਧੋਖਾਧੜੀ ਮਾਮਲੇ ਦੇ ਸੰਬੰਧ ਵਿੱਚ ਚੰਡੀਗੜ੍ਹ, ਪੰਚਕੂਲਾ ਅਤੇ ਦਿੱਲੀ-ਐੱਨਸੀਆਰ ਖੇਤਰ ਵਿੱਚ 6 ਟਿਕਾਣਿਆਂ 'ਤੇ ਛਾਪੇਮਾਰੀ.
- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਦੋ ਦਲਿਤ ਨੌਜਵਾਨਾਂ ਨਾਲ ਹੋਏ ਤਸ਼ੱਦਤ ਦੇ ਮਾਮਲੇ ‘ਚ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਤੋਂ 9 ਜੂਨ 2026 ਤਕ ਰਿਪੋਰਟ ਤਲਬ ।
- ਅੱਜ ਵਿਸ਼ਵ ਖੁਰਾਕ ਸੁਰੱਖਿਆ ਦਿਵਸ ਮਨਾਇਆ ਜਾ ਰਿਹਾ ਏ । ਸਿਹਤ ਮੰਤਰੀ, ਜਗਤ ਪ੍ਰਕਾਸ਼ ਨੱਡਾ ਨੇ ਸਿਹਤਮੰਦ ਭਵਿੱਖ ਲਈ

ਸੁਰੱਖਿਅਤ ਭੋਜਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ.

- ‘ਫਿੱਟ ਇੰਡੀਆ ਸੰਡੇਜ਼ ਆਨ ਸਾਈਕਲ’ ਪਹਿਲ ਤਹਿਤ ਪੰਜਾਬ ‘ਚ ਵਖ – ਵਖ ਥਾਵਾਂ ‘ਤੇ ਸਾਈਕਲ ਰੈਲੀਆਂ ਕਰਾਈਆਂ ਗਈਆਂ. ਲੋਕਾਂ ਨੇ ਵਧ – ਚੜ੍ਹ ਕੇ ਹਿੱਸਾ ਲਿਆ .

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ

ਸਾਡਾ ਅਗਲਾ ਰਾਸ਼ਟਰੀ ਬੁਲੇਟਿਨ

ਸ਼ਾਮ ਸਾਢੇ 7 ਵਜੇ ਹੋਏਗਾ

ਨਮਸ੍ਕਾਰ